Tel: 604.596.7733
www.surreyschools.ca

# ਸਰ੍ਹੀ ਦਾ ਰੈਪਅਰਾਂਓਡ ਪਰੋਗਰਾਮ

ਸਰ੍ਹੀ ਦਾ ਰੈਪਅਰਾਂਓਡ ਪਰੋਗਰਾਮ ਸਰ੍ਹੀ ਸਕੂਲਾਂ, ਪੁਲੀਸ ਅਤੇ ਸਰ੍ਹੀ ਦੀ ਨਗਰ-ਪਾਲਿਕਾ ਦਾ ਇੱਕ ਸਾਂਝਾ ਪਰੋਗਰਾਮ ਹੈ। ਇਸ ਪਰੋਗਰਾਮ ਦਾ ਮੁੱਖ ਓਦੇਸ਼ ਹੈ ਕਿ ਨੋਜਵਾਨ ਪੀੜੀ ਨਾਲ ਵਧੀਆ ਅਤੇ ਵਿਸ਼ਵਾਸ਼ ਭਰੇ ਸੰਬਧਾਂ ਦੀ ਓਸਾਰੀ ਕਰਕੇ, ਨੌਜਵਾਨ ਪੀੜੀ ਨੂੰ ਓਹਨਾਂ ਦੇ ਸਕੂਲਾਂ ਨਾਲ, ਸਮਾਜ ਨਾਲ ਅਤੇ ਓਹਨਾਂ ਦੇ ਘਰ ਨਾਲ ਇੱਕ ਵਧੀਆ ਤਰੀਕੇ ਨਾਲ ਜੋੜਨਾ। ਇਸ ਪਰੋਗਰਾਮ ਰਾਹੀਂ ਨੋਜਵਾਨਾਂ ਦੀ ਦੇਖ ਭਾਲ ਕਰਨ ਵਾਲਿਆਂ ਨੂੰ ਵੀ ਟੀਚੇ ਮਿੱਥਣ ਵਿੱਚ ਸ਼ਾਮਿਲ ਕਰਕੇ ਇੱਕ ਵਧੀਆ ਤਰੀਕੇ ਨਾਲ ਰਹਿਣਾ ਅਤੇ ਆਤਮ ਵਿਸ਼ਵਾਸ਼ ਨੂੰ ਵਧਾਂਓਣ ਲਈ ਸਾਧਿਨ ਕੀਤੇ ਜਾਂਦੇ ਹਨ।

ਇਸ ਪਰੋਗਰਾਮ ਦੀਆਂ ਕੁੱਝ ਮੁੱਖ ਝਲਕੀਆਂ ਹਨ :

- ਇਸ ਪਰੋਗਰਾਮ ਦੁਆਰਾ ਸਕੂਲ ਸਟਾਫ ਨਾਲ ਮਿਲ ਕੇ, ਮਾਪਿਆਂ ਨਾਲ ਅਤੇ ਨੌਜਵਾਨਾਂ ਨਾਲ ਮਿਲ ਕਿ ਜਿੰਦਗੀ ਲਈ ਕੁੱਝ ਟੀਚੇ ਮਿਥੇ ਜਾਂਦੇ ਹਨ ਅਤੇ ਕਾਮਯਾਬੀ ਲਈ ਵੱਖ ਵੱਖ ਤਕਰੀਰਾਂ ਸਥਾਪਿਤ ਕੀਤੀਆਂ ਜਾਦੀਆਂ ਹਨ ਤਾਂ ਕਿ ਨੌਜਵਾਨ ਸਕੂਲ ਵਿੱਚ ਕਾਮਯਾਬ ਹੋ ਸਕੇ।

- ਇਸ ਪਰੋਗਰਾਮ ਵਿੱਚ ਸਕੂਲ ਡਿਸਟਰਿਕਟ ਦੇ 7 ਕਰਮਚਾਰੀ ਪਰੀਵਾਰਾਂ ਅਤੇ ਨੌਜਵਾਨਾਂ ਨਾਲ ਰਲ ਕਿ ਪਰੋਗਰਾਮ ਸਥਾਪਿਤ ਕਰਦੇ ਹਨ।

- ਇਸ ਪਰੋਗਰਾਮ ਵਿੱਚ ਬਰਦੀ ਤੋਂ ਬਿਨਾਂ 2 ਪੁਲੀਸ ਕਰਮਚਾਰੀ ਵੀ ਹੁੰਦੇ ਹਨ ਜੋ ਨੌਜਵਾਨਾਂ ਨਾਲ ਵਿਸ਼ਵਾਸ਼ ਭਰਪੂਰ ਰਿਸ਼ਤਾ ਸਥਾਪਿਤ ਕਰਦੇ ਹਨ ਕਿਓਂਕਿ ਇਸ ਤਰਾਂ ਦੇ ਨੌਜਵਾਨ ਆਮ ਤੌਰ ਓਪਰ ਪੁਲੀਸ ਓਪਰ ਜਾਂ ਕਿਸੇ ਵੀ ਅਧਿਕਾਰੀ ਓਪਰ ਯਕੀਨ ਨਹੀਂ ਰੱਖਦੇ।

- ਇਹ ਪ੍ਰੋਗਰਾਮ ਨੌਜਵਾਨਾਂ ਲਈ ਕੰਮ ਅਤੇ ਕੰਮ ਦੀ ਨਿਗਰਾਨੀ ਵੀ ਰੱਖ ਸਕਦੇ ਹਨ ਜਿਸ ਨਾਲ ਸਮਾਜ ਦਾ ਫਾਇਦਾ ਅਤੇ ਨੌਜਵਾਨ ਦਾ ਆਪਣਾ ਸਵੈ-ਮਾਨ ਵਧੱਦਾ ਹੈ।

- ਨਗਰ-ਪਾਲਿਕਾ ਦੇ ਖੇਡਾਂ ਦੇ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਲਈ ਖੇਡਾਂ ਸਬੰਧੀ ਮੌਕੇ ਓਲੀਕੇ ਜਾਂਦੇ ਹਨ। ਇਸ ਪ੍ਰੋਗਰਾਮ ਰਾਹੀਂ ਨੌਜਵਾਨਾਂ ਦੀ ਆਪਣੀ ਦਿਲਚਸਪੀ ਅਤੇ ਯੋਗਤਾ ਓਪਰ ਨਿਰਭਰ ਕਲਾ ਸਬੰਧੀ ਜਾਂ ਹੋਰ ਕਈ ਤਰਾਂ ਦੇ ਮੌਕੇ ਵੀ ਓਲੀਕੇ ਜਾਂਦੇ ਹਨ।

- ਵੱਡਿਆਂ ਦੀ ਅਗਵਾਈ ਨੀਚੇ, ਨੌਜਵਾਨ ਆਪਣੀਆਂ ਯੋਗਤਾਵਾਂ ਨੂੰ ਵਧਾ ਸਕਦੇ ਹਨ।

- ਇਹ ਪ੍ਰੋਗਰਾਮ ਪਰੀਵਾਰ ਨਾਲ ਇੱਕ ਸਾਂਝ ਅਤੇ ਬਿਨਾਂ ਕਿਸੇ ਟੀਕੇ ਟਿਪੱਣੀ ਤੋਂ ਮਦਦ ਕਰਦਾ ਹੈ।